## ਕੰਮ-ਕਾਜ ਵਾਲੇ ਸਥਾਨ ਤੇ ਸ਼ੋਸ਼ਣ ਕਿਸਨੂੰ ਮੰਨਿਆ ਜਾਂਦਾ ਹੈ?

ਤੁਸੀਂ ਸ਼ੋਸ਼ਣ ਦਾ ਅਨੁਭਵ ਕੀਤਾ ਹੋ ਸਕਦਾ ਹੈ ਜੇਕਰ:

- ਤੁਹਾਨੂੰ ਸਹੀ ਢੰਗ ਨਾਲ ਭੁਗਤਾਨ ਨਹੀਂ ਕੀਤਾ ਗਿਆ (ਜਾਂ ਬਿਲਕੁਲ ਵੀ ਨਹੀਂ ਕੀਤਾ ਗਿਆ)
- ਤੁਹਾਡੇ ਤੇ ਕਿਸੇ ਕੰਮ ਲਈ ਪੈਸੇ ਦੇਣ ਦਾ ਦਬਾਅ ਪਾਇਆ ਗਿਆ ਸੀ
- ਤੁਸੀਂ ਅਸੁਰੱਖਿਅਤ ਹਾਲਤਾਂ ਵਿੱਚ ਕੰਮ ਕੀਤਾ
- ਤੁਹਾਨੂੰ ਜਿਨਸੀ ਤੌਰ ਤੇ ਪਰੇਸ਼ਾਨ ਕੀਤਾ ਗਿਆ ਸੀ
- ਤੁਹਾਡੇ ਬੌਸ ਨੇ ਤੁਹਾਡਾ ਵੀਜ਼ਾ ਰੱਦ ਕਰਨ ਦੀ ਧਮਕੀ ਦਿੱਤੀ ਸੀ
- ਤੁਹਾਨੂੰ ਗਲਤ ਢੰਗ ਨਾਲ ਬਰਖਾਸਤ ਕੀਤਾ ਗਿਆ ਸੀ
- ਤੁਹਾਨੂੰ ABN ਲੈਣ ਲਈ ਮਜਬੂਰ ਕੀਤਾ ਗਿਆ ਸੀ ਜਦ ਕਿ ਤੁਹਾਨੂੰ ਇੱਕ ਕਰਮਚਾਰੀ (employee) ਹੋਣਾ ਚਾਹੀਦਾ ਸੀ

## ਰਿਪੋਰਟਿੰਗ ਸੁਰੱਖਿਆਵਾਂ ਤੱਕ ਕਿਵੇਂ ਪਹੁੰਚ ਕਰੀਏ

**1**

### ਕਦਮ 1: ਸਲਾਹ ਲਓ

ਆਪਣੇ ਕੰਮ-ਕਾਜ ਦੇ ਸਥਾਨ ਤੇ ਸ਼ੋਸ਼ਣ ਦੇ ਮਾਮਲੇ ਵਿੱਚ ਮਦਦ ਲਈ ਕਿਸੇ ਯੂਨੀਅਨ, ਕਮਿਊਨਿਟੀ ਲੀਗਲ ਸੈਂਟਰ, ਜਾਂ ਮਾਨਤਾ ਪ੍ਰਾਪਤ ਤੀਜੀ ਧਿਰ ਨਾਲ ਸੰਪਰਕ ਕਰੋ।

**2**

### ਕਦਮ 2: ਪ੍ਰਮਾਣਿਤ (ਸਰਟੀਫ਼ੀਕੇਸ਼ਨ) ਪ੍ਰਾਪਤ ਕਰੋ

ਤੁਹਾਡੇ ਸ਼ੋਸ਼ਣ ਦੇ ਮਾਮਲੇ ਨੂੰ ਕਿਸੇ ਭਾਗ ਲੈਣ ਵਾਲੀ ਸਰਕਾਰੀ ਏਜੰਸੀ ਜਾਂ ਮਾਨਤਾ ਪ੍ਰਾਪਤ ਤੀਜੀ ਧਿਰ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ।

→ migrantworkers.org.au/atp

**3**

### ਕਦਮ 3: ਹੋਮ ਅਫ਼ੇਅਰਸ ਨੂੰ ਸੂਚਿਤ ਕਰੋ

ਸਟ੍ਰੈਂਥਨਿੰਗ ਰਿਪੋਰਟਿੰਗ ਪ੍ਰੋਟੈਕਸ਼ਨ ਰਿਕਵੈਸਟ ਪ੍ਰਕਿਰਿਆ ਫਾਰਮ (Strengthening Reporting Protection Request Process form) ਭਰੋ ਅਤੇ ਆਪਣੀ ਸਰਟੀਫ਼ੀਕੇਸ਼ਨ ਨੱਥੀ ਕਰੋ।

**4**

### ਕਦਮ 4: ਸੂਚਿਤ ਰਹੋ

ਜੇਕਰ ਹੋਰ ਜਾਣਕਾਰੀ ਦੀ ਲੋੜ ਹੋਈ ਤਾਂ ਹੋਮ ਅਫ਼ੇਅਰਸ ਤੁਹਾਡੇ ਨਾਲ ਸੰਪਰਕ ਕਰਨਗੇ। ਜੇਕਰ ਤੁਸੀਂ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਤਾਂ ਤੁਹਾਡਾ ਵੀਜ਼ਾ ਰੱਦ ਨਹੀਂ ਕੀਤਾ ਜਾਵੇਗਾ।

### ਧਿਆਨ ਦੇਣ ਯੋਗ ਮਹੱਤਵਪੂਰਨ ਨੁਕਤੇ:

- ਤੁਹਾਨੂੰ ਭਵਿੱਖ ਵਿੱਚ ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਣਾ ਪਵੇਗਾ।
- ਸਰਟੀਫ਼ੀਕੇਸ਼ਨ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਤੁਸੀਂ ਸਮੱਸਿਆ ਨੂੰ ਹੱਲ ਕਰ ਰਹੇ ਹੋ।
- ਜੇਕਰ ਤੁਸੀਂ ਮਾਪਦੰਡ ਪੂਰੇ ਕਰਦੇ ਹੋ ਤਾਂ ਤੁਹਾਡੀ ਵੀਜ਼ਾ ਉਲੰਘਣਾ ਭਵਿੱਖ ਦੀਆਂ ਵੀਜ਼ਾ ਅਰਜ਼ੀਆਂ ਨੂੰ ਪ੍ਰਭਾਵਿਤ ਨਹੀਂ ਕਰੇਗੀ।

# ਕੰਮ ਤੇ ਸ਼ੋਸ਼ਣ ਹੋਇਆ ਹੈ?

ਜੇਕਰ ਤੁਸੀਂ ਇਸਦੀ ਰਿਪੋਰਟ ਕਰਦੇ ਹੋ ਤਾਂ ਵੀਜ਼ਾ ਰੱਦ ਹੋਣ ਤੋਂ ਤੁਹਾਨੂੰ ਸੁਰੱਖਿਆ ਪ੍ਰਾਪਤ ਹੋ ਸਕਦੀ ਹੈ।

## ਰਿਪੋਰਟਿੰਗ ਸੁਰੱਖਿਆ ਨੂੰ ਮਜ਼ਬੂਤ ਕਰਨ ਬਾਰੇ ਪੁੱਛੋ। (Strengthening Reporting Protections-SRP)



**ਪੰਜਾਬੀ**

This material was developed with funding from the Australian Government

ਆਸਟ੍ਰੇਲੀਆਈ ਸਰਕਾਰ ਨੇ ਅਜਿਹੇ ਅਸਥਾਈ ਵੀਜ਼ਾ ਧਾਰਕਾਂ ਲਈ ਨਵੀਂਆਂ ਸੁਰੱਖਿਆਵਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਨੇ ਕੰਮ-ਕਾਜ ਵਾਲੇ ਸਥਾਨ ਤੇ ਸ਼ੋਸ਼ਣ ਦਾ ਅਨੁਭਵ ਕੀਤਾ ਹੈ। ਇਹ ਸੁਰੱਖਿਆਵਾਂ ਤੁਹਾਨੂੰ ਵੀਜ਼ਾ ਰੱਦ ਹੋਣ ਦੇ ਡਰ ਤੋਂ ਬਿਨਾਂ, ਸ਼ੋਸ਼ਣ ਦੀ ਰਿਪੋਰਟ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ।

## ਤੁਸੀਂ ਵੀਜ਼ਾ ਰੱਦ ਕੀਤੇ ਜਾਣ ਦੇ ਵਿਰੁੱਧ ਗਰੰਟੀ ਦੇ ਯੋਗ ਹੋ ਸਕਦੇ ਹੋ ਜੇਕਰ:

- ਤੁਹਾਡੇ ਕੋਲ ਕੰਮ ਦੇ ਅਧਿਕਾਰਾਂ ਵਾਲਾ ਕੋਈ ਅਸਥਾਈ ਵੀਜ਼ਾ ਹੈ, ਜਿਵੇਂ ਕਿ:
  - ਵਿਦਿਆਰਥੀ ਵੀਜ਼ਾ (ਸਬਕਲਾਸ 500)
  - ਵਰਕਿੰਗ ਹੋਲੀਡੇ ਵੀਜ਼ਾ (ਸਬਕਲਾਸ 417)
  - ਕੰਮ ਅਤੇ ਹੋਲੀਡੇ ਵੀਜ਼ਾ (ਸਬਕਲਾਸ 462)
  - ਅਸਥਾਈ ਕੰਮ (ਸਕਿਲਡ) ਵੀਜ਼ਾ (ਸਬਕਲਾਸ 457)
  - ਅਸਥਾਈ ਸਕੀਲ ਸ਼ਾਰਟੇਜ ਵੀਜ਼ਾ (ਸਬਕਲਾਸ 482)
  - ਸਕਿੱਲਸ ਇਨ ਡਿਮਾਂਡ ਵੀਜ਼ਾ (ਸਬਕਲਾਸ 482)
  - ਅਸਥਾਈ ਕੰਮ (ਅੰਤਰਰਾਸ਼ਟਰੀ ਸਬੰਧ) ਵੀਜ਼ਾ (ਸਬਕਲਾਸ 403)।
- ਕੰਮ-ਕਾਜ ਵਾਲੇ ਸਥਾਨ ਤੇ ਸ਼ੋਸ਼ਣ ਦੇ ਕਾਰਨ ਤੁਸੀਂ **ਕੰਮ ਨਾਲ ਸਬੰਧਤ ਕਿਸੇ ਵੀਜ਼ਾ ਸ਼ਰਤ** ਦੀ ਉਲੰਘਣਾ ਕੀਤੀ ਹੈ
- **ਪਿਛਲੇ 12 ਮਹੀਨਿਆਂ ਦੇ ਅੰਦਰ-ਅੰਦਰ** ਸ਼ੋਸ਼ਣ ਦਾ ਅਨੁਭਵ ਕੀਤਾ ਹੈ
- **ਕਿਸੇ ਭਾਗ ਲੈਣ ਵਾਲੀ ਸਰਕਾਰੀ ਏਜੰਸੀ** ਜਾਂ **ਮਾਨਤਾ ਪ੍ਰਾਪਤ ਤੀਜੀ ਧਿਰ** ਤੋਂ ਮਦਦ ਮੰਗੀ ਹੈ
- ਲਿਖਤੀ ਰੂਪ ਵਿੱਚ ਸਹਿਮਤ ਹੋਣ ਲਈ ਤਿਆਰ ਹੋ ਕਿ ਭਵਿੱਖ ਵਿੱਚ **ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰੋਗੇ**



## ਤੁਸੀਂ ਅਜੇ ਵੀ ਵੀਜ਼ਾ ਰੱਦ ਹੋਣ ਤੋਂ ਸੁਰੱਖਿਆ ਦੇ ਹੱਕਦਾਰ ਹੋ ਸਕਦੇ ਹੋ ਜੇਕਰ:

- ਤੁਹਾਡੇ ਕੋਲ **ਕੋਈ ਵੀ ਅਸਥਾਈ ਵੀਜ਼ਾ** ਹੈ (ਬ੍ਰਿਜਿੰਗ ਵੀਜ਼ਾ ਸਮੇਤ)
- ਕੰਮ-ਕਾਜ ਵਾਲੇ ਸਥਾਨ ਤੇ ਸ਼ੋਸ਼ਣ ਕਾਰਨ **ਕਿਸੇ ਵੀ ਸ਼ਰਤ** ਉਲੰਘਣਾ ਕੀਤੀ ਹੈ
- **ਕਿਸੇ ਭਾਗ ਲੈਣ ਵਾਲੀ ਸਰਕਾਰੀ ਏਜੰਸੀ** ਜਾਂ **ਮਾਨਤਾ ਪ੍ਰਾਪਤ ਤੀਜੀ ਧਿਰ** ਤੋਂ ਮਦਦ ਮੰਗੀ ਹੈ
- ਲਿਖਤੀ ਰੂਪ ਵਿੱਚ ਸਹਿਮਤ ਹੋਣ ਲਈ ਤਿਆਰ ਹੋ ਕਿ ਭਵਿੱਖ ਵਿੱਚ **ਆਪਣੀਆਂ ਵੀਜ਼ਾ ਸ਼ਰਤਾਂ ਦੀ ਪਾਲਣਾ ਕਰੋਗੇ**

ਇਨ੍ਹਾਂ ਹਾਲਾਤਾਂ ਵਿੱਚ, ਤੁਸੀਂ ਵੀਜ਼ਾ ਰੱਦ ਕੀਤੇ ਜਾਣ ਦੇ ਵਿਰੁੱਧ ਗਰੰਟੀ ਦੇ ਹੱਕਦਾਰ ਹੋਵੋਗੇ - ਜਿਸਦਾ ਮਤਲਬ ਹੈ ਕਿ ਇਮੀਗ੍ਰੇਸ਼ਨ ਵਿਭਾਗ ਤੁਹਾਡਾ ਵੀਜ਼ਾ ਰੱਦ ਨਹੀਂ ਕਰਨਗੇ ਭਾਵੇਂ ਤੁਸੀਂ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਹੀ ਕਿਉਂ ਨਾ ਕੀਤੀ ਹੋਵੇ।

ਇਨ੍ਹਾਂ ਹਾਲਾਤਾਂ ਵਿੱਚ, ਇਮੀਗ੍ਰੇਸ਼ਨ ਵਿਭਾਗ ਨੂੰ ਤੁਹਾਡਾ ਵੀਜ਼ਾ ਰੱਦ ਕਰਨ ਦਾ ਫੈਸਲਾ ਕਰਦੇ ਸਮੇਂ ਕੰਮ-ਕਾਜ ਦੇ ਸਥਾਨ ਤੇ ਹੋਏ ਸ਼ੋਸ਼ਣ ਦੇ ਸਬੂਤਾਂ ਤੇ ਵਿਚਾਰ ਕਰਨਾ ਪਵੇਗਾ। ਤੁਹਾਨੂੰ ਅਜੇ ਵੀ ਵੀਜ਼ਾ ਰੱਦ ਹੋਣ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ - ਪਰ ਇਸਦੀ ਗਰੰਟੀ ਨਹੀਂ ਹੋਵੇਗੀ।


UNIONS WA (08) 6313 6000 UNIONSWA.COM.AU/MWC